JETIR.ORG ISSN: 2349-5162 | ESTD Year : 2014 | Monthly Issue
JOURNAL OF EMERGING TECHNOLOGIES AND INNOVATIVE RESEARCH (JETIR)
An International Scholarly Open Access, Peer-reviewed, Refereed Journal

# ਬਾਹੋਵਾਲ ਪੋਥੀ ਦਾ ਸਮਾਂ ਤੇ ਬਣਤਰ

• ਸੰਦੀਪ ਕੌਰ

ਹਥਲੇ ਪਰਚੇ ਵਿਚ ਬਾਹੋਵਾਲ ਪੋਥੀ ਦੇ ਸਮੇਂ ਅਤੇ ਬਣਤਰ ਬਾਰੇ ਜਾਣਕਾਰੀ ਪ੍ਰਾਪਤ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਇਹ ਪੋਥੀ ਬੇਦੀ ਬਚ੍ਰਿਤ ਸਿੰਘ, ਬਾਹੋਵਾਲ ਪਿੰਡ (ਜ਼ਿਲ੍ਹਾ ਗੁਜਰਾਤ) ਸਿਆਲਕੋਟ, ਪਛਮੀ ਪੰਜਾਬ ਵਿਚ ਸੁਰੱਖਿਅਤ ਸੀ, ਜੋ 1947 ਤੋਂ ਬਾਅਦ ਭਾਈ ਵੀਰ ਸਿੰਘ ਜੀ ਕੋਲ 10 ਦਸੰਬਰ 1948 ਨੂੰ ਪਹੁੰਚੀ। ਅੱਜ-ਕਲ੍ਹ ਇਹ ਪੋਥੀ ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ ਵਿਚ (ਹਥ ਲਿਖਤ ਨੰ.6) ਦੇ ਅਧੀਨ ਸੁਰੱਖਿਅਤ ਹੈ।

ਬਚਿਤ੍ਰ ਸਿੰਘ ਬੇਦੀ ਅਨੁਸਾਰ ਇਹ ਪੋਥੀ ਪੰਚਮ ਪਾਤਸ਼ਾਹ ਜੀ ਦੇ ਆਦਿ ਬੀੜ ਰਚਣ ਵੇਲੇ ਗੁਰੂ ਜੀ ਕੋਲ ਸੀ ਅਤੇ ਬੇਦੀ ਜੀ ਦੇ ਬਜੁਰਗ ਨੇ ਭੇਜੀ ਸੀ। ਦੂਜੇ ਸ੍ਰੋਤ ਅਨੁਸਾਰ ਇਹ ਪੋਥੀ ਬਾਬਾ ਸ੍ਰੀ ਚੰਦ ਜੀ ਗੁਰੂ ਜੀ ਕੋਲੋਂ ਉਸ ਸਮੇਂ ਲੈ ਕੇ ਆਏ ਸਨ ਜਦੋਂ ਗੁਰੂ ਜੀ ਆਦਿ ਬੀੜ ਰਚ ਰਹੇ ਸਨ। ਪਿਆਰ ਸਿੰਘ ਅਨੁਸਾਰ ਬਾਬਾ ਜੀ ਦੀ ਪਹਿਲੀ ਨਹੀਂ ਦੂਜੀ ਸ੍ਰੋਤ ਸਹੀ ਲਗਦੀ ਹੈ। ਬਾਬਾ ਬਚਿਤ੍ਰ ਸਿੰਘ ਬੇਦੀ ਅਨੁਸਾਰ ਜਦੋਂ ਇਹ ਪੋਥੀ ਗੁਰੂ ਸਾਹਿਬ ਕੋਲੋਂ ਆਈ ਤਾਂ ਇਸਦੇ ਪਤਰੇ ਖੁਲੇ ਸਨ। ਸ੍ਰੀ ਲਖਮੀ ਦਾਸ ਜੀ ਦੇ ਸਪੁਤ੍ਰ ਨੇ ਇਸਦੀ ਚਮੜੇ ਦੀ ਜਿਲਦ ਕਰਵਾਈ ਤੇ ਪੁਸ਼ਤ ਦਰ ਪੁਸ਼ਤ ਇਹ ਸਾਡੇ ਵੰਸ ਕੋਲ ਸੀ। ਬਾਬਾ ਬਚਿਤ੍ਰ ਸਿੰਘ ਆਪਣੀ ਵੰਸ਼ ਲਖਮੀ ਦਾਸ ਜੀ ਦੀ ਦਸਦੇ ਹਨ। ਉਨ੍ਹਾਂ ਅਨੁਸਾਰ ਇਕ ਬਾਰ ਵਰਖਾ ਕਰਕੇ, ਛਤ ਡਿਗਣ ਤੇ ਪੋਥੀ ਸਾਹਿਬ ਭਿਜ ਗਈ ਤੇ ਜਿਲਦ ਖਰਾਬ ਹੋ ਗਈ। ਮੌਜੂਦਾ ਸਮੇਂ ਵਿਚ ਵੀ ਇਹ ਪੋਥੀ ਉਸੇ ਸੂਰਤ ਵਿਚ ਹੈ। ਪੋਥੀ ਵਿਚ ਪਈ ਭਾਈ ਵੀਰ ਸਿੰਘ ਜੀ ਦੀ ਇਕ ਚਿਟ ਤੋਂ ਪਤਾ ਲਗਦਾ ਹੈ ਕਿ ਇਹ ਪੋਥੀ ਉਨ੍ਹਾਂ ਕੋਲ 10 ਦਸੰਬਰ 1948 ਨੂੰ ਪਹੁੰਚੀ ਸੀ। ਇਹ ਪੋਥੀ ਬਹੁਤ ਪੁਰਾਣੀ ਹੈ। ਇਸਦਾ ਕਾਗਜ਼ ਖਸਤਾ ਹੈ ਅਤੇ ਹਥ ਲਾਉਣ ਨਾਲ ਭੁਰ ਰਹੀ ਹੈ। ਇਹ ਪੋਥੀ ਕਿਤਾਬ ਦੀ ਸ਼ਕਲ ਦੀ ਹੈ। ਇਸਦਾ ਥੱਲਾ ਛੋਟਾ ਹੈ ਤੇ ਉਚਾਈ ਵੱਡੀ ਹੈ। ਇਸਦਾ ਅਕਾਰ ਅੰਦਾਜਨ 23 ਸੈ.ਮੀ×33 ਸੈ.ਮੀ. ਲਗਦਾ ਹੈ। ਲਿਖਤ ਦੇ ਦੋਹੀ ਪਾਸੀ ਦੋ ਲਕੀਰਾਂ ਨਾਲ ਹਾਸ਼ੀਆਂ ਲਗਿਆ ਹੋਇਆ ਹੈ। ਇਸ ਪੋਥੀ ਦੇ ਲਿਖੇ ਜਾਣ ਦਾ ਸੰਮਤ ਨਹੀਂ ਹੈ ਅਤੇ ਨਾ ਹੀ ਇਸ ਵਿਚ 'ਚਲਿਤ੍ਰ ਜੋਤੀ ਜੋਤ ਸਮਾਵਣੇ ਕੇ' ਹਨ।

**ਵਿਦਵਾਨਾਂ ਦੇ ਹਵਾਲੇ ਨਾਲ :**

ਪਿਆਰ ਸਿੰਘ ਅਨੁਸਾਰ ਪਹਿਲੀ ਗਲ ਇਸ ਕਰਕੇ ਸਹੀ ਸਾਬਿਤ ਨਹੀਂ ਹੁੰਦੀ ਕਿਉਂਕਿ ਇਸ ਪੋਥੀ ਵਿਚ ਪੰਜਵੇਂ ਗੁਰੂ ਜੀ ਦੀ ਬਾਣੀ ਹੈ। ਇਸ 'ਚ ਸੁਖਮਨੀ ਸਾਹਿਬ ਵੀ ਦਰਜ ਹੈ। ਜੋ ਬੀੜ ਰਚਣ ਵੇਲੇ ਰਾਮਸਰ ਦੇ ਕਿਨਾਰੇ ਤੇ

ਬੇਰੀ ਦੇ ਰੁਖ ਹੇਠ ਬੈਠ ਕੇ ਰਚੀ ਤੇ ਉਹ ਅਸਥਾਨ ਅਜ ਵੀ ਚਿੰਨ੍ਹਤ ਹੈ। ਪੰਜਵੇਂ ਗੁਰੂ ਜੀ ਦੀ ਬਾਣੀ ਗੁਰੂ ਸਾਹਿਬ ਕੋਲ ਆਪ ਤਾਂ ਹੋ ਸਕਦੀ ਹੈ ਪਰ ਕਿਸੇ ਦੂਸਰੇ ਕੋਲ ਹੋਣਾ ਦਰੁਸਤ ਨਹੀਂ ਮੰਨਿਆ ਜਾ ਸਕਦਾ।

ਤਵਾਰੀਖ ਗੁਰੂ ਖਾਲਸਾ ਨੇ ਬੀੜ ਰਚਣ ਵੇਲੇ ਬਾਬਾ ਸ੍ਰੀ ਚੰਦ ਜੀ ਦੇ ਮਿਲਣ ਦਾ ਜਿਕਰ ਕੀਤਾ ਹੈ। ਬਾਰਠ ਵਿਚ ਸ੍ਰੀ ਚੰਦ ਜੀ ਨੂੰ ਗੁਰੂ ਜੀ ਮਿਲੇ। ਉਸ ਸਮੇਂ ਗੁਰੂ ਅਰਜਨ ਦੇਵ ਜੀ 16 ਸੁਖਮਨੀ ਦੀਆਂ ਅਸਟਪਦੀਆਂ ਲਿਖ ਚੁਕੇ ਸਨ। ਤਵਾਰੀਖ ਅਨੁਸਾਰ ਬਾਬਾ ਸ੍ਰੀ ਚੰਦ ਜੀ ਨੇ ਗੁਰੂ ਜੀ ਨੂੰ ਕਿਹਾ ਕਿ 24 ਅਸਟਪਦੀਆਂ ਰਚੋ ਤਾਂ ਕਿ 24000 ਸੁਆਸ ਸਫਲ ਹੋ ਜਾਣ। ਗੁਰੂ ਜੀ ਨੇ ਕਿਹਾ ਕਿ ਅਗੋਂ ਆਪ ਰਚੋ ਤਾਂ ਬਾਬਾ ਜੀ ਨੇ ਗੁਰੂ ਨਾਨਕ ਦੇਵ ਜੀ ਦਾ ਸਲੋਕ 'ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ' ਲਿਖ ਦਿਤਾ ਤੇ ਕਿਹਾ ਕਿ ਅਗੋ ਆਪ ਰਚੋ। ਫਿਰ ਗੁਰੂ ਜੀ ਨੇ 24 ਅਸਟਪਦੀਆਂ ਦੀ ਰਚਨਾ ਕੀਤੀ। (ਬਾਰਠ ਪਿੰਡ; ਜਿੱਥੇ ਸ੍ਰੀ ਚੰਦ ਜੀ ਰਹਿੰਦੇ ਸੇ, ਜਾ ਉੱਤਰੇ। ਸ੍ਰੀ ਚੰਦ ਜੀ ਦੇ ਦਰਸ਼ਨ ਕੀਤੇ। ਓਸ ਵੇਲੇ ਸੁਖਮਨੀ ਸਾਹਿਬ ਜੀ ਦੀਆਂ ਸੋਲਾਂ ਅਸ਼ਟਪਦੀਆਂ ਗੁਰੂ ਸਾਹਿਬ ਰਚ ਚੁੱਕੇ ਸਨ। ਸੋ ਸ੍ਰੀ ਚੰਦ ਜੀ ਸੁਣ ਕੇ ਬੜੇ ਪ੍ਰਸੰਨ ਹੋਏ ਤੇ ਆਖਣ ਲੱਗੇ ਕਿ ੮ ਅਸ਼ਟਪਦੀਆਂ ਹੋਰ ਬਣਾਓ। ਕਿਉਂਕਿ ਆਦਮੀ ਨੂੰ ਅੱਠਾਂ ਪਹਿਰਾਂ ਵਿਚ ੨੪ ਹਜ਼ਾਰ ੬ ਸੌ ਸਵਾਸ ਆਉਂਦਾ ਹੈ। ਸੋ, ਜੋ ਕੋਈ ੨੪ ਅਸ਼ਟਪਦੀਆਂ ਪੜ੍ਹੇਗਾ, ਓਸ ਦਾ ਸਵਾਸ ਸਵਾਸ ਸਫ਼ਲ ਹੋਵੇਗਾ ਤੇ ਜਮ ਦੀ ਤਾੜਨਾ ਨਾ ਹੋਵੇਗੀ। ਏਹ ਵਰ ਸੁਣ ਕੇ ਗੁਰੂ ਜੀ ਨੇ ਆਖਿਆ, "ਏਹ ਤੁਸੀਂ ਹੀ ਪੂਰੀਆਂ ਕਰੋ।" ਤਾਂ ਸ੍ਰੀ ਚੰਦ ਜੀ ਨੇ: ਸਲੋਕ।। ਆਦਿ ਸਚੁ ਜੁਗਾਦਿ ਸਚੁ।। ਹੈ ਭਿ ਸਚੁ ਨਾਨਕ ਹੋਸੀ ਭਿ ਸਚੁ।।੧।।( ਗਉੜੀ ਸੁਖਮਨੀ, ਮ: ੫-੨੮੫) ਸਲੋਕ ਗੁਰੂ ਨਾਨਕ ਦੇਵ ਜੀ ਵਾਲਾ ਹੀ ਉਚਾਰ ਕੇ ਬੱਸ ਕਰ ਦਿੱਤੀ। ਬਰਾਬਰੀ ਨਾ ਕਰਨ ਵਾਸਤੇ ਯਾ ਪਛਾਣ ਵਾਸਤੇ ਸਿਰਫ 'ਭਿ' ਸਹਾਰੀ ਦਾ ਫ਼ਰਕ ਰੱਖਿਆ। ਫੇਰ ਗੁਰੂ ਜੀ ਮਹਾਰਾਜ ਨੇ ੮ ਅਸ਼ਟਪਦੀਆਂ ਓਥੇ ਹੀ ਰਚ ਕੇ ਓਹਨਾਂ ਨੂੰ ਸੁਣਾਈਆਂ, ਜਿਸ ਤੋਂ ਸ੍ਰੀ ਚੰਦ ਜੀ ਬੜੇ ਪ੍ਰਸੰਨ ਹੋਏ।[1] ਇਸ ਪੋਥੀ ਵਿਚ ਵੀ ਇਹ 24 ਅਸਟਪਦੀਆ ਹਨ ਜਿਸ ਤੋਂ ਦੂਸਰੀ ਧਾਰਨਾ ਨੂੰ ਸਚ ਮੰਨਿਆਂ ਜਾ ਸਕਦਾ ਹੈ।

ਵਾਰਾਂ ਦੀ ਤਰਤੀਬ ਵਿਚ ਵਾਰਾਂ ਦੀਆ ਪਉੜੀਆ ਨਾਲ ਸਲੋਕਾਂ ਦੀ ਰਚਨਾ ਗੁਰੂ ਜੀ ਨੇ ਕੀਤੀ। ਇਸ ਪੋਥੀ ਵਿਚ ਵੀ ਜਿੰਨੀਆਂ ਕੁ ਵਾਰਾਂ ਆਈਆਂ ਹਨ ਉਨ੍ਹਾਂ ਨਾਲ ਸਲੋਕ ਮੌਜੂਦ ਹਨ। ਜੋ ਕਿ ਇਸ ਪੋਥੀ ਨੂੰ ਪੰਚਮ ਪਾਤਸ਼ਾਹ ਤੋਂ ਪਹਿਲਾ ਦੀ ਸਿਧ ਨਹੀਂ ਕਰਦੇ।

ਇਸ ਪੋਥੀ ਸਾਹਿਬ ਵਿਚ ਸਿਰੀ ਰਾਗ ਦੀ ਵਾਰ ਪਹਿਲੇ ਸਰੂਪ ਵਿਚ ਹੈ ਜਿਸ ਵਿਚ ਸਲੋਕ ਤਾਂ ਜੁੜੇ ਹੋਏ ਹਨ ਪਰ ਉਨ੍ਹਾਂ ਦੇ ਸ਼ੁਰੂ ਵਿਚ ਮਹਲੇ ਨਹੀਂ ਦਿਤੇ ਗਏ। ਇਸ ਪੋਥੀ ਵਿਚ ਮਾਝ ਰਾਗ ਦੇ ਪੰਚਮ ਪਾਤਸ਼ਾਹ ਜੀ ਦੇ ਸ਼ਬਦ 'ਮੇਰਾ ਮਨ ਲੋਚੈ ਗੁਰ ਦਰਸਨ ਤਾਈ' ਵਿਚ ਰਹਾਉ ਦੀ ਤੁਕ ਇਕੋ ਵਾਰ ਕੇਵਲ ਪਹਿਲੇ ਪਦੇ ਦੇ ਅੰਤ ਤੇ ਆਈ ਹੈ ਪਰ ਆਦਿ ਬੀੜ ਵਿਚ ਹਰ ਪਦੇ ਪਿਛੇ ਰਹਾਉ ਹੈ। ਇਹ ਗੁਰੂ ਜੀ ਦੀ ਅੰਤਿਮ ਸੋਧ ਮੰਨੀ ਜਾ ਸਕਦੀ ਹੈ।

[1] ਗਿਆਨੀ ਗਿਆਨ ਸਿੰਘ ਜੀ, *ਤਵਾਰੀਖ ਗੁਰੂ ਖਾਲਸਾ* , ਭਾਸ਼ਾ ਵਿਭਾਗ, ਪੰਜਾਬ 1999 ਪੰਨਾ. 415

ਸ਼ੁਰੂ ਵਿਚ ਜਪੁ ਜੀ ਸਾਹਿਬ ਵੀ ਭਾਈ ਗੁਰਦਾਸ ਜੀ ਦੀ ਹਥ ਲਿਖਤ ਲਗਦੀ ਹੈ ਪਰ ਇਸ ਪੋਥੀ ਦੇ ਆਰੰਭ ਵਿਚ ਮੂਲ ਮੰਤ੍ਰ ਪੂਰਾ ਨਹੀਂ। ਸਿਰਫ '੧ੳ ਸ੍ਰੀ ਸਤਿਗੁਰੂ ਪ੍ਰਸਾਦਿ' ਹੀ ਮੰਗਲ ਹੈ। ਗਉੜੀ ਬਾਵਨ ਅਖਰੀ ਜੋ ਗੁਰੂ ਅਰਜਨ ਦੇਵ ਜੀ ਦੀ ਆਪਣੀ ਰਚਨਾ ਹੈ ਉਹ ਇਸ ਪੋਥੀ ਸਾਹਿਬ ਵਿਚ ਇਸ ਸਲੋਕ ਤੋਂ ਆਰੰਭ ਹੁੰਦੀ ਹੈ:-

ਆਪਹਿ ਕੀਆ ਕਰਾਇਆ ਆਪੇ ਕਰਨੈ ਜੋਗਾ।। (ਪੰ.294)

ਸ਼ੁਰੂ ਵਿਚ 'ਗੁਰਦੇਵ ਮਾਤਾ ਗੁਰਦੇਵ ਪਿਤਾ' ਵਾਲਾ ਸਲੋਕ ਨਹੀਂ ਪਰ ਜਿਥੇ ਬਾਵਨ ਅਖਰੀ ਸਮਾਪਤ ਹੁੰਦੀ ਹੈ, ਉਥੇ ਇਹ ਸਲੋਕ ਲਿਖਿਆ ਹੋਇਆ ਹੈ ਅਤੇ ਇਸ ਸਲੋਕ ਦੇ ਅਖੀਰ ਤੇ ਗੁਰੂ ਜੀ ਦੀ ਆਗਿਆ ਦਰਜ ਹੈ ਕਿ 'ਇਹ ਸਲੋਕ ਆਦਿ ਅੰਤ ਪੜਨਾ'। ਇਹ ਸਲੋਕ ਤੇ ਸਤਿਗੁਰੂ ਜੀ ਦੀ ਆਗਿਆ ਭਾਈ ਗੁਰਦਾਸ ਜੀ ਦੀ ਹਥ ਲਿਖਤ ਵਿਚ ਹੈ ਪਰ ਬਾਵਨ ਅਖਰੀ ਦੀ ਪਹਿਲੀ ਸਾਰੀ ਬਾਣੀ ਹੋਰ ਹਥ ਲਿਖਤ ਵਿਚ ਹੈ। ਇਸ ਪੋਥੀ ਦਾ ਅਕਾਰ ਵੀ ਉਹੀ ਹੈ ਜੋ ਪਵਿਤ੍ਰ ਆਦਿ ਬੀੜ ਦਾ ਪਹਿਲਾ ਅਕਾਰ ਹੁੰਦਾ ਸੀ। ਜਪੁ ਜੀ ਦੇ ਮਗਰ ਨਾ 'ਸੋਦਰੁ' ਦੇ ਪੰਜ ਸ਼ਬਦ ਹਨ ਅਤੇ ਨਾ ਹੀ 'ਸੋ ਪੁਰਖੁ' ਦੇ ਚਾਰ ਸ਼ਬਦ। ਪਰ ਇਸ ਤੋਂ ਬਾਅਦ ਕੀਰਤਨ ਸੋਹਿਲਾ ਦਰਜ ਹੈ। ਇਸ ਤੋਂ ਬਾਅਦ 10 ਤੋਂ 13 ਪੰਨੇ ਖਾਲੀ ਹਨ। ਪੰਨਾ 14 ਉਪਰ ਬੜੀ ਮੋਟੀ ਕਲਮ ਨਾਲ ਸਫੇਦ ਕਾਗਜ ਤੇ ਲਿਖਿਆ ' ਗ ਰ ਰ ਖ ਗ' ਚਮੇੜਿਆ ਹੋਇਆ ਹੈ। ਇਹ ਲਗ ਮਾਤ੍ਰ ਤੋਂ ਬਿਨਾਂ ਹੈ ਤੇ ਇਸ ਦਾ ਅਰਥ ਹੈ 'ਗੁਰੂ ਰਖੇਗਾ। ਇਹ ਇਥੇ ਤਬੱਰੂਕ (ਅਸੀਸ) ਵਜੋਂ ਹਾਸਿਲ ਕਰਕੇ ਲਾਇਆ ਗਇਆ ਨਿਸ਼ਾਨ ਹੈ। ਅਸੀਸ ਇਹ ਬਾਬਾ ਗੁਰਦਿਤਾ ਤੇ ਨੌਵੇਂ ਸਤਿਗੁਰਾਂ ਦੇ ਹੁਕਮਨਾਮਿਆ ਵਿਚ ਲਿਖੀ ਅਕਸਰ ਦੇਖੀ ਗਈ ਹੈ। ਭਾਈ ਕੀ ਡਰੋਲੀ ਜਿਹੜੇ ਹੁਕਮਨਾਮੇ ਪਏ ਹਨ ਉਨ੍ਹਾਂ ਵਿਚੋਂ ਇਕ ਦੇ ਉਪਰ ਖਾਲੀ ਥਾਵਾਂ ਤੇ ਇਹੀ ਅਸੀਸ ਇਸੇ ਤਰ੍ਹਾਂ ਮੋਟੇ ਮੋਟੇ ਅਖਰਾਂ ਵਿਚ ਬਾਰ-ਬਾਰ ਦੁਹਰਾਈ ਹੋਈ ਹੈ।

ਇਸ ਪੋਥੀ ਸਾਹਿਬ ਵਿਚ ਜੋ ਬਾਣੀਆ ਆਈਆ ਹਨ ਉਹ ਪੰਜ ਜਾਂ ਛੇ ਹਥ ਲਿਖਤਾਂ ਵਿਚ ਲਿਖੀਆ ਹੋਈਆ ਲਗਦੀਆ ਹਨ। ਹੋ ਸਕਦਾ ਹੈ ਕਿ ਇਨ੍ਹਾਂ ਵਿਚੋਂ ਕੋਈ ਬਾਣੀ ਪੰਚਮ ਗੁਰੂ ਜੀ ਦੀ ਹਥ ਲਿਖਤ ਵਿਚ ਹੋਵੇ। ਇਸ ਪੋਥੀ ਦੇ ਅੰਤ ਵਿਚ ਰਾਗਮਾਲਾ ਵੀ ਦਰਜ ਹੈ। ਇਸ ਪੋਥੀ ਵਿਚ ਬਾਹਰਲੀਆ ਬਾਣੀਆਂ ਜੋ ਭਾਈ ਬੰਨੋ ਦੀ ਬੀੜ ਵਿਚ ਹਨ ਜਿਵੇਂ ਕਿ ਹਕੀਕਤ ਰਾਹ ਮੁਕਾਮ, ਗੋਸਟਿ ਮਲਾਰ ਨਾਲ ਆਦਿ ਇਸ ਵਿਚ ਨਹੀਂ ਹਨ।

ਇਸ ਪੋਥੀ ਵਿਚ ਇਕ ਵਾਰਤਾ ਹੈ ਜੋ ਕਿ ਕਿਸੇ ਜਨਮਸਾਖੀ ਵਿਚ ਤਾਂ ਹੋ ਸਕਦੀ ਹੈ ਪਰ ਕਿਸੇ ਬੀੜ ਵਿਚ ਨਹੀਂ ਵੇਖੀ ਗਈ। ਇਸ ਵਾਰਤਾ ਪਿਛੋਂ ਸਲੋਕ ਸਹਸਕ੍ਰਿਤੀ, ਗਾਥਾ, ਚਉਬੋਲੇ, ਫੁਨਹੇ ਤੇ ਫਿਰ ਰਾਗਮਾਲਾ ਸ਼ਾਮਿਲ ਹੈ। ਰਾਗਮਾਲਾ ਤੋਂ ਬਾਅਦ ਇਹ ਪੋਥੀ ਸਾਹਿਬ ਸਮਾਪਤ ਹੈ।

ਇਸ ਪੋਥੀ ਵਿਚ ਬਾਣੀਆਂ ਦੀ ਤਰਤੀਬ ਉਹ ਨਹੀਂ ਜੋ ਪਵ੍ਰਿਤ ਬੀੜ ਵਿਚ ਹੈ। ਸੁਖਮਨੀ ਤੇ ਬਾਵਨ ਅਖਰੀ, ਗਉੜੀ ਰਾਗ ਵਿਚ ਆਈ ਭਗਤ ਬਾਣੀ ਦੇ ਪਿਛੇ ਰਖੀ ਗਈ ਹੈ। ਪੰਦਰਾਂ ਦੇ ਕਰੀਬ ਵਾਰਾਂ ਅਖੀਰ ਤੇ ਇਕਠੀਆਂ ਹੀ ਹਨ। ਕੁਝ ਵਾਰਾਂ ਵਿਚ-ਵਿਚ ਵੀ ਸ਼ਾਮਿਲ ਹਨ। ਸ਼ਬਦਾਂ ਦੀ ਤਰਤੀਬ ਵੀ ਆਦਿ ਬੀੜ ਤੋਂ ਵਿਲਖਣ ਹੈ। ਪੰਨੇ ਵੀ ਸਹੀ ਕ੍ਰਮ ਵਿਚ ਨਹੀਂ ਹਨ । ਹੋ ਸਕਦਾ ਹੈ ਕਿ ਇਕ ਤੋਂ ਵਧੀਕ ਵਾਰ ਲਗਾਏ ਗਏ ਹੋਣ। ਜਿਹੜੇ ਉਤਾਰੇ ਬੀੜ ਦੀ ਤਿਆਰੀ ਲਈ ਕੀਤੇ ਜਾ ਕਰਾਏ ਗਏ ਉਸ ਵਿਚੋਂ ਕੁਝ ਭਾਗ ਇਹ ਪੋਥੀ ਸਾਹਿਬ ਹੈ। ਇਸ ਪੋਥੀ ਵਿਚ ਆਦਿ ਬੀੜ ਦੇ ਸਮਕਾਲੀਨ ਇਸ ਵਿਚ ਬਾਣੀਆ ਹਨ। ਇਸ ਪੋਥੀ ਦੀਆਂ ਕੁਝ ਲਿਖਤਾਂ, ਉਨ੍ਹਾਂ ਦੇ ਅਖਰ ਅਤੇ ਲਗਾ-ਮਾਤ੍ਰਾਂ ਦੀ

ਬਨਾਵਟ ਇਸ ਪੋਥੀ ਦੇ ਲਿਖਣ ਦਾ ਸਮਾਂ 17 ਵੀਂ ਸਦੀ ਬਿਕ੍ਰਮੀ ਗੁਰੂ ਅਰਜਨ ਦੇਵ ਜੀ ਤੋਂ ਗੁਰੂ ਗੋਬਿੰਦ ਸਿੰਘ ਤਕ ਲੈ ਜਾਂਦੀਆ ਹਨ। ਅਖੀਰਲੇ ਹਿਸੇ ਦੀ ਬਨਾਵਟ ਦਮਦਮੀ ਲਿਖਣ ਸ਼ੈਲੀ ਦੇ ਅਨੁਸਾਰ ਲਗਦੀ ਹੈ। ਇਹ ਪੋਥੀ ਆਦਿ ਗ੍ਰੰਥ ਦੀ ਨਕਲ ਨਹੀਂ ਗੁਰਬਾਣੀ ਦਾ ਸੰਗ੍ਰਹਿ ਹੈ।

ਇਸ ਵਿਚ ਨਾ ਤਾਂ ਸਾਰੀ ਬਾਣੀ ਪ੍ਰਾਪਤ ਹੈ, ਨਾ ਹੀ ਸਾਰੇ ਰਾਗ ਦਰਜ ਹਨ ਅਤੇ ਨਾ ਰਾਗਾ ਦਾ ਕ੍ਰਮ ਰਲਦਾ ਹੈ। ਇਸ ਵਿਚ ਸ਼ਾਮਿਲ ਰਾਗ ਇਸ ਪ੍ਰਕਾਰ ਹਨ-

ਸਿਰੀ ਰਾਗ, ਮਾਝ, ਗਉੜੀ, ਰਾਮਕਲੀ, ਆਸਾ, ਮਾਰੂ, ਤੁਖਾਰੀ, ਕਿਦਾਰਾ, ਜੈਤਸਰੀ, ਬਿਹਾਗੜਾ, ਨਟ ਨਰਾਇਣ, ਦੇਵਗੰਧਾਰੀ, ਗੋਂਡ, ਤਿਲੰਗ, ਬਸੰਤ, ਕਾਨੜਾ, ਵਡਹੰਸ, ਬਿਭਾਤੀ ਪ੍ਰਭਾਸ, ਸੋਰਠਿ ਵਾਰਾਂ( ਗੂਜਰੀ ਮ:੩, ਗਉੜੀ, ਮਾਝ, ਬਸੰਤ, ਕਾਨੜਾ, ਗੂਜਰੀ ਮ:੫, ਸਤਾ ਬਲਵੰਡ ਤੇ ਸਿਰੀ ਰਾਗ ਆਦਿ)। ਵਾਰ ਰਾਗ ਆਸਾ, ਰਾਗ ਆਸਾ ਦੇ ਨਾਲ ਹੀ ਦਰਜ ਹੈ ਵਖਰੀ ਨਹੀਂ ਹੈ। ਜੋ ਰਾਗ ਦ੍ਰਿਸ਼ਟੀ ਨਹੀਂ ਪਏ (ਹੋ ਸਕਦਾ ਹੈ ਹੋਣ) ਇਹ ਹਨ: ਧਨਾਸਰੀ, ਸੂਹੀ, ਭੈਰਉ, ਸਾਰੰਗ, ਮਲਾਰ. ਕਲਿਆਨ, ਟੋਡੀ, ਬੈਰਾੜੀ, ਕਲਿਆਨ ਅਤੇ ਮਾਲੀ ਗਉੜਾ। ਦੋ ਰਾਗ ਬਿਲਾਵਲ ਤੇ ਰਾਮਕਲੀ ਅਧੂਰੇ ਰੂਪ ਵਿਚ ਦਰਜ ਹਨ। ਰਾਗ ਜੈਜਾਵੰਤੀ ਇਸ ਵਿਚ ਨਹੀਂ ਹੈ ਕਿਉਂਕਿ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਇਸ ਵਿਚ ਨਹੀਂ ਹੈ।

ਰਾਗ ਆਸਾ ਤਕ ਤਾਂ ਅਖਰਾਂ ਦੀ ਬਨਾਵਟ ਅਤੇ ਮੰਗਲ-ਸ਼ੈਲੀ ਪ੍ਰਾਚੀਨ ਰੂਪ ਦੀ ਹੈ। ਰਾਗ ਮਾਰੂ ਤੋਂ ਹੋਰ ਹਥ ਦੀ ਲਿਖਤ ਹੈ। ਇਸ ਤੋਂ ਬਾਅਦ ਅਖਰਾਂ ਦੀ ਬਨਾਵਟ, ਮੰਗਲ ਲਿਖਣ ਦੀ ਸੈਲੀ ਅਤੇ ਮੂਲ ਪਾਠ 18ਵੀਂ ਸਦੀ ਬਿਕ੍ਰਮੀ ਦੇ ਮੁਢਲੇ ਕਾਲ ਵਿਚ ਮਿਲਦੀਆਂ ਬੀੜਾਂ ਵਾਲਾ ਹੋ ਗਿਆ ਹੈ।

ਇਸ ਪੋਥੀ ਵਿਚ ਭੋਗ ਦੀ ਬਾਣੀ ਦੀ ਸਥਿਤੀ ਇਸ ਤਰ੍ਹਾਂ ਦਰਜ ਹੈ: ਸਲੋਕ ਕਬੀਰ ਜੀਉ ਕੇ (੨੪੩), ਸਲੋਕ ਸੇਖ ਫਰੀਦ ਜੀ ਦੇ(੧੩੦), ਸਵਯੇ ਮੁਖ ਬਾਕਯ (੨੦), ਸਵੱਯੇ ਭਟਾਂ ਕੇ( ੪੩), ਸਲੋਕ ਵਾਰਾਂ ਤੇ ਵਧੀਕ (੧੫੩), ਸਲੋਕ ਸਹਸਕ੍ਰਿਤੀ(੬੭), ਸਲੋਕ ਗਾਥਾ (੨੪), ਚਉਬੋਲੇ (੧੧), ਫੁਨਹੇ(੨੩) ਅਤੇ ਰਾਗਮਾਲਾ ਦੇ ਪਤ੍ਰਾ ੯੯੧/ੳ ਉਤੇ ਮੁਕਦੀ ਹੈ।

ਇਸ ਤੋਂ ਬਿਨਾਂ ਵਿਧੀ-ਨਿਸ਼ੇਧ ਸਬੰਧੀ ਕੁਝ ਆਦੇਸ 'ਪੰਜ ਕੰਮ ਕਰੈ, ਪੰਜ ਕੰਮ ਨ ਕਰੈ,' ਆਦਿ ਇਸ ਪੋਥੀ ਵਿਚ ਹਨ। ਇਹ 'ਸਾਖੀ ਗੁਰੂ ਬਾਬੇ ਦੀ' ਸਿਰਲੇਖ ਹੇਠ ਆਏ ਹਨ। ਜਦੋਂ ਕਿ ਕੁਝ ਪ੍ਰਾਚੀਨ ਪੋਥੀਆ ਵਿਚ ਇਹ 'ਸਾਖੀ ਗੁਰੂ ਅਮਰਦਾਸ ਕੀ, ਗੁਰੂ ਅਮਰਦਾਸ ਜੀ ਕਾ ਬੋਲਣਾ, ਸਾਖੀ ਮਹਲਾ ੫' ਸਿਰਲੇਖ ਅਧੀਨ ਆਏ ਹਨ।[2]

ਪੰਨਿਆ ਨੂੰ ਅੰਕ ਲਾਉਣ ਦੀ ਵਿਧੀ ਇਕਸਾਰ ਨਹੀਂ ਹੈ। ਮੁਢਲੇ ਪੰਨਿਆਂ ਉਪਰ ਅੰਕ ਖੁਲੀ ਪੋਥੀ ਦੇ ਸਜੇ ਹਥ ਵਾਲੇ ਹਾਸ਼ੀਏ ਵਿਚ ਉਪਰ ਕਰਕੇ ਕੋਨੇ ਤੇ ਲਗੇ ਹੋਏ ਹਨ, ਜਦੋਂ ਕਿ ਅਗੇ ਚਲ ਕੇ ਅੰਕ ਮਗਰਲੇ ਪਾਸੇ ਹੋ ਜਾਂਦੇ ਹਨ। ਕੁਝ ਪੰਨਿਆਂ ਉਤੇ ਦੋ-ਦੋ, ਤਿੰਨ-ਤਿੰਨ ਅੰਕ ਲਗੇ ਹੋਏ ਹਨ ਜੋ ਨਵੇਂ ਪੰਨੇ ਪਾਉਣ ਜਾਂ ਪਾਠ ਅਗੇ ਪਿਛੇ ਕਰਨ ਕਰਕੇ ਪਾਏ ਲਗਦੇ ਹਨ।

[2] ਜੀ.ਬੀ ਸਿੰਘ, *ਪ੍ਰਾਚੀਨ ਬੀੜਾ,* ਪੰਨਾ-286 (ਬੀੜ ਬਣੀ ਗ੍ਰਾਮ) 290,(ਬੀੜ ਢਾਕਾ), 373-74

ਇਸ ਪੋਥੀ ਦਾ ਤਤਕਰਾ ਕੋਈ ਨਹੀਂ ਹੈ। ਇਹ ਜਪੁ ਸਾਹਿਬ ਨਾਲ ਸ਼ੁਰੂ ਹੁੰਦਾ ਹੈ। ਪਰ ਰਾਗਮਾਲਾ ਦੇ ਪਤ੍ਰਾ ੯੯੧/ੳ ਉਪਰ ਅੰਕ ਮੁਕ ਜਾਣ ਦੇ ਬਾਵਜੂਦ ਮਗਰਲੇ ਪੰਨੇ ਉਤੇ ਖਾਲੀ ਥਾਂ ਹੈ ਜਿਥੇ ਪਤ੍ਰੇ ਦਾ ਅੰਕ ਦਿਤਾ ਹੋਇਆ ਹੈ। ਇਸ ਤੋਂ ਸਿਧ ਹੁੰਦਾ ਹੈ ਕਿ ਇਕ ਹੀ ਪੰਨੇ(ਪਤ੍ਰੇ) ਦੇ ਸਿਧੇ ਪੁਠੇ ਪਾਸੇ ਨੂੰ ਲੈ ਕੇ ਪਤ੍ਰਾ ਪੂਰਾ ਹੋਇਆ ਮੰਨਿਆ ਹੈ। ਖਬੇ ਤੋਂ ਸਜੇ ਪਾਸੇ ਦੇ ਪੰਨਿਆ ਨੂੰ ਮਿਲਾ ਕੇ ਪਤ੍ਰਾ ਨਹੀ ਬਣਾਇਆ।

ਇਸ ਪੋਥੀ ਦੇ 'ਜਪੁ' ਪਾਠ ਵਿਚ ਕੰਨੇ ਲਈ ਗੋਲ ਬਿੰਦੀ ਦੀ ਥਾਂ ਅਧੀ ਡੰਡੀ ਵਰਤੀ ਹੋਈ ਮਿਲਦੀ ਹੈ। ਕਈ ਥਾਵਾਂ ਤੇ ਬੇਲੋੜੀ ਬਿੰਦੀ ਦੀ ਵਰਤੋਂ ਵੀ ਹੋਈ ਮਿਲਦੀ ਹੈ। ਕਨੌੜੇ ਦੀ ਥਾਂ ਮੁਕਤਾ ਅਖਰ ਨਾਲ /ੳ/ਲਾ ਕੇ ਕਨੌੜੇ ਦੀ ਅਵਾਜ ਲੈਣੀ ਪੁਰਾਣੀ ਬਾਬਾ ਮੋਹਨ ਵਾਲੀਆ ਪੋਥੀਆਂ ਦੀ ਰੀਤ ਹੈ। ਹੋ ਸਕਦਾ ਹੈ ਉਸੇ ਦੀ ਇਸ ਪੋਥੀ ਵਿਚ ਪੈਰਵੀ ਕੀਤੀ ਗਈ ਹੋਵੇ।

ਇਸ ਪੋਥੀ ਵਿਚ ਬਾਣੀਆ ਦੇ ਮੁਢ ਵਿਚ ਮੂਲਮੰਤ੍ਰ ਪਹਿਲਾ ਕਿਤੇ ਨਹੀਂ ਸੀ। ਜਿਥੇ ਕਿਤੇ ਹੁਣ ਦਿਸਦਾ ਹੈ ਉਹ ਬਾਅਦ ਵਿਚ ਪਾਇਆ ਗਿਆ ਲਗਦਾ ਹੈ। ਪਹਿਲਾਂ ਮੁਖ ਰੂਪ ਵਿਚ ਸਭ ਥਾਂ ਛੋਟਾ ਮੰਗਲ ਹੀ ਵਰਤਿਆ ਹੋਇਆ ਸੀ। ਉਸ ਦੇ ਵਿਭਿੰਨ ਸਰੂਪ ਹੇਠ ਲਿਖੇ ਅਨੁਸਾਰ ਹੈ:

| | |
|---|---|
| ਗੁਰੂ ਸਤਿ | ਸਤਿਗੁਰ ਪਰਸਾਦਿ |
| ੧ੳਂ ਗੁਰੂ ਸਤਿ | ੧ ਸਤਿਗੁਰ ਪ੍ਰਸਾਦਿ |
| ੳ ਗੁਰੂ ਸਤਿ | ੧ |
| ੧ੳਂ ਸਤਿ ਕੇ ਪ੍ਰਸਾਦਿ | ਸ੍ਰੀ ਸਤਿਗੁਰ ਪ੍ਰਸਾਦਿ |
| ਗੁਰੂ ਸਤਿ ਕੇ ਪ੍ਰਸਾਦਿ | ੧ੳਂ ਸਤਿਗੁਰੂ ਪਰਿਸਾਦਿ |

ਮੰਗਲ ਲਿਖਣ ਦਾ ਇਹ ਇਕ ਪੁਰਾਣਾ ਢੰਗ ਸੀ ਜੋ ਅਸੀਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਹੁਕਮਨਾਮਿਆਂ ਵਿਚ ਵਰਤਿਆ ਦੇਖਦੇ ਹਾਂ। ਅਧਿਐਨ ਅਧੀਨ ਪੋਥੀ ਵਿਚ ਮੰਗਲ ਨਿਰੂਪਣ ਦੇ ਇਸ ਪੁਰਾਣੇ ਢੰਗ ਨੂੰ ਹੀ ਨਿਭਾਇਆ ਹੋਇਆ ਹੈ। ਬਾਣੀ ਰਚੈਤਾ ਗੁਰੂ ਵਿਅਕਤੀ ਨੂੰ ਇਸ ਪੋਥੀ ਵਿਚ 'ਮਹਲੁ' ਪਦ ਨਾਲ ਅੰਕ ਲਿਖ ਕੇ ਸੂਚਿਤ ਕਰਨ ਦੀ ਰੀਤਿ ਕਈ ਥਾਂ ਨਿਭਾਈ ਗਈ ਹੈ। ਇਸ ਪਖ ਤੋਂ ਇਹ ਪੋਥੀ ਬਾਬਾ ਮੋਹਨ ਵਾਲੀਆਂ ਪੋਥੀਆ ਦੀ ਅਤੇ ਮਗਰੋਂ ਚਲੀ 'ਮਹਲ' ਵਰਤਣ ਦੀ ਧਾਰਣੀ ਹੈ। ਰਹਾਉ ਦੀ ਤੁਕ ਦੇ ਅੰਤ ਉਤੇ ਰਹਾਉ ਪਦ ਤੋਂ ਪਹਿਲਾ ਅੰਕ ੧ ਇਸ ਪੋਥੀ ਵਿਚ ਨਹੀਂ ਆਇਆ। ਰਾਗ ਮਾਝ ਦੇ ਮਹਲਾ ੫ ਦੇ ਸ਼ਬਦ 'ਮੇਰਾ ਮਨ ਲੋਚੈ' ਦੇ ਪਿਛੇ ਰਹਾਉ ਦੀ ਤੁਕ 'ਹਉ ਘੋਲੀ ਜੀਉ ਘੋਲਿ ਘੁਮਾਈ' ਕੇਵਲ ਇਕ ਵਾਰ ਆਈ ਹੈ ਨਾ ਕਿ ਹਰ ਪਦ ਦੇ ਅੰਤ ਉਤੇ ਜਿਵੇਂ ਕਿ ਛਪੀਆਂ ਬੀੜਾਂ ਵਿਚ ਦੇਖਿਆ ਜਾਂਦਾ ਹੈ।

ਸਿਰੀਰਾਗੁ ਵਿਚ ਸ਼ਬਦਾਂ ਦੀ ਗਿਣਤੀ ੧,੨,੩ ਨਾਲ ਸ਼ੁਰੂ ਹੁੰਦੀ ਹੈ ਅਤੇ ਜਦੋਂ ਛੇ ੬ ਤੇ ਪਹੁੰਚਦੀ ਹੈ ਤਾਂ 'ਛਕਾ ੬' ਲਿਖਿਆ ਮਿਲਦਾ ਹੈ। ਇਸ ਤੋਂ ਪਿਛੋ ਗਿਣਤੀ ੧, ੨, ੩ ਤੋਂ ਆਰੰਭ ਹੋ ਜਾਂਦੀ ਹੈ। ਫਿਰ 'ਛਕਾ ੨' ਲਿਖਿਆ ਮਿਲਦਾ

ਹੈ। ਹਰ ਛੇ ਸ਼ਬਦਾਂ ਬਾਅਦ ਛਕਾ ਅੰਕ ਵਧ ਜਾਂਦਾ ਹੈ। ਇਸ ਰਾਗ ਵਿਚ ਸ਼ਬਦਾਂ ਦੀ ਗਿਣਤੀ ਛਕਿਆ ਦੇ ਰੂਪ ਵਿਚ ਪ੍ਰਗਟਾਈ ਹੈ। ਸਿਰੀਰਾਗ ਵਿਚ ਚੁਉਪਦਿਆਂ ਦੇ ਅੰਤ ਤੇ 'ਛਕਾ ੧੬' ਆਇਆ ਹੈ। ਤਿੰਨ ਹੋਰ ਚਉਪਦੇ ਹਨ ਜਿਸ ਨਾਲ ਚਉਪਦਿਆਂ ਦੀ ਗਿਣਤੀ 16×6+3=99 ਹੋ ਜਾਂਦੀ ਹੈ। ਇਸ ਦੀਆਂ ਅਸਟਪਦੀਆਂ ਦਾ ਜੋੜ ਵੀ ਛਕਿਆ ਵਿਚ ਹੋਇਆ ਮਿਲਦਾ ਹੈ।

ਰਾਗੁ ਗਉੜੀ ਗੁਆਰੇਰੀ ਭਗਤਾਂ ਕੀ ਵੀ ਪਹਿਲਾਂ '੧ਓ ਸਤਿਗੁਰ ਪ੍ਰਸਾਦਿ' ਨਾਲ ਆਰੰਭ ਹੁੰਦੀ ਸੀ ਫਿਰ ਇਸ ਉਪਰ ਪੂਰਾ ਮੂਲ ਮੰਤ੍ਰ ਇਸ ਤਰ੍ਹਾਂ ਲਿਖ ਦਿਤਾ ਕਿ ਅੰਤਲਾ ਹਿਸਾ 'ਗੁਰ ਪ੍ਰਸਾਦਿ' ਮੂਲ ਮੰਤ੍ਰ ਦਾ ਹਿਸਾ ਬਣ ਗਿਆ ਹੈ। ਸੁਖਮਨੀ ਤੇ ਬਾਵਨ ਅਖਰੀ ਇਸ ਰਾਗ ਵਿਚ ਭਗਤ ਬਾਣੀ ਦੇ ਪਿਛੇ ਹੈ। ਬਾਵਨ ਅਖਰੀ ਮਹਲਾ ੫ ਦਾ ਆਰੰਭ ਇਸ ਪੋਥੀ ਵਿਚ ਇਸ ਸਲੋਕ ਤੋਂ ਹੁੰਦਾ ਹੈ 'ਆਪਹਿ ਕੀਆ ਕਰਾਇਆ ਆਪੇ ਕਰਨੇ ਯੋਗ' 'ਗੁਰਦੇਵ ਪਿਤਾ ਗੁਰਦੇਵ ਮਾਤਾ' ਵਾਲਾ ਸਲੋਕ ਅਖੀਰ ਦਾ ਆਇਆ ਹੈ ਮੁਢ ਵਿਚ ਨਹੀਂ। ਇਸ ਦੇ ਅੰਤ ਤੇ ਇਸ ਸਲੋਕ ਦੇ ਆਦਿ ਅੰਤ ਤੇ ਪੜ੍ਹਨ ਦੀ ਹਿਦਾਇਤ ਕਿਸੇ ਹੋਰ ਲਿਖਾਰੀ ਦੀ ਲਿਖੀ ਹੋਈ ਲਗਦੀ ਹੈ।

ਰਾਗ ਆਸਾ ਵਿਚ 'ਸੋ ਪੁਰਖ' ਵਾਲਾ ਸ਼ਬਦ 'ਸੋਦਰੁ' ਦੇ ਮਗਰ ਨਹੀਂ ਦਿਤਾ ਹੋਇਆ। ਇਥੇ ਤਰਤੀਬ 'ਸੋਦਰੁ', 'ਸੁਣ ਵਡਾ', 'ਆਖਾ ਜੀਵਾ', 'ਜਿ ਦਰ ਮਾਂਗਤਿ, ਫਿਰ 'ਤਾਲ ਮਦੀਰੇ' ਆਦਿ ਠੀਕ ਹੈ। ਰਾਗ ਆਸਾ ਵਿਚ ਕਬੀਰ ਜੀ ਦੇ ਤੀਜੇ ਸਲੋਕ ਵਿਚ ਪਾਠ 'ਬੁਨਨਾ ਤਨਨਾ' ਵੀ ਠੀਕ ਹੈ।

ਵਾਰ ਰਾਗ ਆਸਾ ਵਿਚ ਬਾਣੀ ਦੇ ਨਾਲ ਅੰਤ ਤੇ ਦਿਤੀ ਹੋਈ ਧੁਨੀ ਦਰਜ ਨਹੀਂ। ਇਸੇ ਤਰ੍ਹਾਂ ਰਾਗ ਮਾਝ ਦੀ ਵਰ, ਗਉੜੀ ਦੀ ਵਾਰ ਮਹਲਾ ੫, ਵਡਹੰਸ ਕੀ ਵਾਰ ਤੇ ਕਾਨੜੇ ਦੀ ਵਾਰ ਤੇ ਵੀ ਧੁਨੀਆ ਦਰਜ ਨਹੀਂ ਹਨ। ਸਾਰੰਗ ਰਾਗ ਇਸ ਪੋਥੀ ਵਿਚ ਹੈ ਨਹੀਂ। ਰਾਗ ਗੂਜਰੀ ਮਹਲਾ ੩ ਦੀ ਵਾਰ ਨਾਲ 'ਸਿਕੰਦਰ ਬਿਰਹਾਮ ਧੁਨ' ਦਿਤੀ ਹੋਈ ਹੈ। ਵਾਰ ਰਾਗ ਮਲਾਰ ਮਹਲਾ ੧ ਨਾਲ ਵੀ ਹੈ, ਇਸ ਤਰ੍ਹਾਂ ਰਾਣੈ ਕੈਲਾਸ ਕੀ ਧੁਨੀ ਰਾਮਕਲੀ ਕੀ ਵਾਰ ਮਹਲਾ ੩ ਨਾਲ ਵੀ ਹੈ।

ਸਿਰੀ ਰਾਗ ਦੀ ਵਾਰ ਵਿਚ ਸਲੋਕਾਂ ਨਾਲ ਮਹਲੇ ਦਰਜ ਹਨ, ਹੋਰਨਾ ਵਾਰਾਂ ਦੇ ਸਲੋਕ ਨਾਲ ਵੀ ਮਹਲੇ ਦਰਜ ਹਨ। ਵਾਰਾਂ ਦੇ ਅੰਤ ਤੇ 'ਸੁਧ' ਜਾਂ 'ਸੁਧ ਕੀਚੈ' ਆਦਿ ਹਦਾਇਤੀ ਪਦ ਨਹੀਂ ਹਨ। ਰਾਗ ਮਾਰੂ ਵਿਚ ਮੀਰਾ ਦਾ ਸ਼ਬਦ 'ਮਨ ਹਮਾਰਾ ਬਾਧਿਓ ਮਾਈ' ਦਿਤਾ ਹੈ। ਇਸ 'ਚ 'ਮਾਰੂ ਮੁਕਾ' ਦੀ ਸੂਚਨਾ ਦੇ ਕੇ ਮਗਰੋਂ ਅੰਤ ਤੇ ਗੁਰੂ ਅਰਜਨ ਦੇਵ ਜੀ ਦਾ ਸ਼ਬਦ 'ਚਰਨ ਕਮਲ ਹਿਰਦੈ ਨਿਤ ਧਾਰੇ' ਦਰਜ ਹੈ। ਇਹ ਪਿਛੋਂ ਮਿਲਿਆ ਜਾਂ ਪਿਛੋਂ ਰਚਿਆ ਗਿਆ ਹੋਣਾ ਹੈ ਕਿਉਂਕਿ ਇਹ ਸ਼ਬਦ ਹੋਰਨਾਂ ਗ੍ਰੰਥਾਂ ਦੇ ਵੀ ਅੰਤ ਤੇ ਹੈ।

ਰਾਗੁ ਬਸੰਤ ਨਾਲ ਹਿੰਡੋਲ ਪਦ ਨਹੀਂ ਆਇਆ। ਇਸ ਰਾਗ ਦਾ ਸ਼ਬਦ 'ਬਸਤਰ ਉਤਾਰ ਦਿਗੰਬਰ ਹੋਗ' ਅਤੇ ਇਕਤੁਕਾ 'ਸਾਹਿਬ ਭਾਵੈ ਸੇਵਕ ਸੇਵਾ ਕਰੇ, ਦੋਵੇਂ ਮਹਲਾ ੧ ਦੇ ਕਰਕੇ ਦਿਤੇ ਹੋਏ ਹਨ। ਇਸ ਰਾਗ ਦੇ ਮਹਲਾ ੫ ਦੇ ਕੁਝ ਚਉਪਦਿਆਂ ਨਾਲ 'ਭੇਟ ਪਹਲੀ, ਭੇਟ ੪, ਭੇਟ ੬ ਪਦ ਆਏ ਹਨ। ਕਈ ਜਗ੍ਹਾਂ ਤੇ ਸਿਰਲੇਖਾਂ ਨਾਲ ਮਹਲੁ ਪਹਿਲਾ ਜਾਂ ੧ ਚਲਦਾ ਹੈ ਅਤੇ ਕਈ ਜਗ੍ਹਾਂ ਤੇ ਮਹਲਾ ਪਦ ਵਰਤਿਆ ਹੈ।

ਇਸ ਪੋਥੀ ਵਿਚ ਕਈ ਪ੍ਰਕਾਰ ਦੇ ਪਾਠ-ਭੇਦਾਂ ਦੀ ਬਹੁਲਤਾਂ ਹੈ। ਇਸ 'ਚ ਵਿਆਕਰਣਿਕ ਲਗ-ਮਾਤ੍ਰਾ ਦੇ ਭੇਦ ਬਹੁਤ ਹਨ। /ਣ/ ਦੀ ਥਾਂ /ਨ/ ਅਤੇ /ਨ/ ਦੀ ਥਾਂ /ਣ/ ਦੀ ਵਰਤੋਂ ਦੇ ਅੰਤਰ ਬਹੁਤ ਹਨ। ਭਾਖਾਈ ਰੁਚੀ ਅਧੀਨ 'ਅੰਮ੍ਰਿਤ' ਨੂੰ 'ਅੰਬ੍ਰਿਤ', 'ਵਿਸਾਰਿ' ਨੂੰ 'ਬਿਸਾਰ', 'ਆਗੇ' ਨੂੰ 'ਅੱਗੇ', 'ਸਿਫਤ' ਨੂੰ 'ਸਿਪਤਿ', ਆਦਿ ਲਿਖਣ ਦਾ ਝੁਕਾਉ ਵੀ ਪ੍ਰਤਖ ਹੈ।

## ਲਿਪੀਕਾਰ

ਗੁਰਮੁਖੀ ਪੋਥੀਆਂ ਦੇ ਲਿਪੀਕਾਰ ਅਕਸਰ ਗੁੰਮਸ਼ੁਦਾ ਸੇਵਾਦਾਰ ਰਹੇ ਹਨ ਜੋ ਧਾਰਮਿਕ ਭੈ ਭਾਵਨਾ ਵਿਚ ਕਾਰਜ ਕਰਦੇ ਰਹੇ। ਉਹ ਆਪਣਾ ਨਾਂ ਜਤਾ ਕੇ ਖੁਸ਼ ਨਹੀਂ ਸਨ। ਗੁਰਬਾਣੀ ਦੇ ਹਵਾਲੇ ਵਿਚ ਉਨ੍ਹਾਂ ਦੀ ਹੈਸੀਅਤ ਲਿਪੀਕਾਰ ਨਾਲੋਂ ਉਤਾਰਾਕਾਰ ਦੀ ਹੈ। ਜਿਸ ਸਮੇਂ ਦੀ ਇਸ ਪੋਥੀ ਦਾ ਉਤਾਰਾਕਾਰ ਬਣਦਾ ਹੈ ਉਸ ਸਮੇਂ ਗੁਰਮਖੀ ਦੀਆ ਕੁਝ ਹੇਠ ਲਿਖੀਆ ਟਕਸਾਲਾ ਸਨ। ਸੰਭਵ ਹੈ ਕਿ ਇਸ ਪੋਥੀ ਦੇ ਉਤਾਰਾਕਾਰ ਵੀ ਇਨ੍ਹਾਂ ਟਕਸਾਲਾ ਨਾਲ ਸੰਬੰਧਿਤ ਸਨ।

ਸਭ ਤੋਂ ਮੁਢਲੇ ਸੰਥਿਆ ਦੇ ਕੇਂਦਰ ਗੁਰੂ ਸਾਹਿਬਾਨ ਦੁਆਰਾ ਸਥਾਪਿਤ ਉਹ ਕੇਂਦਰੀ ਸਥਾਨ ਸਨ ਜਿਹੜੇ ਇਕ ਟਕਸਾਲ ਦੀ ਤਰ੍ਹਾਂ ਕਾਰਜਸ਼ੀਲ ਸਨ। ਇਹ ਉਸ ਸਮੇਂ ਦੀਆਂ ਸਿਖਿਆ ਸੰਸਥਾਵਾਂ ਸਨ। ਸਭ ਤੋਂ ਪਹਿਲੀ ਟਕਸਾਲ ਸ੍ਰੀ ਕਰਤਾਰਪੁਰ ਵਿਖੇ ਸੀ। ਇਹ ਗੁਰੂ ਨਾਨਕ ਦੇਵ ਜੀ ਦੁਆਰਾ 1532 ਈ: ਵਿਚ ਸਥਾਪਿਤ ਕੀਤੀ ਗਈ। ਇਥੇ ਭਾਈ ਗੁਰਦਾਸ ਜੀ ਅਨੁਸਾਰ 'ਗਿਆਨ ਗੋਸਟਿ' ਦੀ 'ਚਰਚਾ' ਸਦਾ ਚਲਦੀ ਰਹਿੰਦੀ ਸੀ ਅਤੇ ਬਹੁਤ ਸਾਰੀ ਬਾਣੀ ਇਥੇ ਉਚਾਰੀ ਤੇ ਸੰਗ੍ਰਹਿਤ ਕੀਤੀ ਗਈ (ਫਿਰਿ ਬਾਬਾ ਆਇਆ ਕਰਤਾਰਪੁਰਿ_____ਬਾਣੀ ਮੁਖਹੁ ਉਚਾਰੀਐ___ਗਿਆਨ ਗੋਸਟਿ ਚਰਚਾ ਸਚਾ_____੧/੨੮) ਗੁਰੂ ਨਾਨਕ ਦੇਵ ਜੀ ਦੀ ਸ਼ਰਨ ਵਿਚ ਆ ਕੇ ਭਾਈ ਲਹਿਣਾ ਜੀ ਨੇ ਕਰਤਾਰਪੁਰ ਸਾਹਿਬ ਵਿਖੇ ਸਭ ਤੋਂ ਪਹਿਲੀ ਸੇਵਾ ਬਾਬਾ ਬੁਢਾ ਜੀ, ਭਾਈ ਮਨਸੁਖ ਅਤੇ ਭਾਈ ਭਾਗੀਰਥ ਆਦਿਕ ਮੁਖੀ ਸਿਖਾਂ ਦੀ ਮਦਦ ਨਾਲ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਮੁਖਾਰਬਿੰਦ ਬਾਣੀ ਨੂੰ ਤਰਤੀਬ ਵਿਚ ਕੀਤਾ। ਭਾਈ ਲਹਿਣਾ ਜੀ ਨੇ (ਗੁਰੂ ਅੰਗਦ ਦੇਵ ਜੀ) ਗੁਰੂ ਨਾਨਕ ਦੇਵ ਜੀ ਦੀ ਦੇਖ ਰੇਖ ਵਿਚ ਗੁਰਮੁਖੀ ਲਿਪੀ ਦੀ ਸਿਰਜਨਾ ਕੀਤੀ ਅਤੇ ਸਾਰੀ ਬਾਣੀ ਇਸੇ ਲਿਪੀ ਵਿਚ ਲਿਖੀ ਗਈ। ਇਸ ਸੇਵਾ ਵਿਚ ਗੁਰੂ ਸਾਹਿਬ ਜੀ ਦੇ ਕਰਤਾਰਪੁਰੀ ਹਜੂਰੀ ਸੰਗੀਆਂ ਵਿਚ ਭਾਈ ਸੀਹਾਂ, ਭਾਈ ਝਾੜੂ ਕਲਾਲ ਆਦਿ ਵੀ ਸ਼ਾਮਿਲ ਸਨ। ਭਾਈ ਗੁਰਦਾਸ ਜੀ ਅਤੇ ਸਿਖਾਂ ਦੀ ਭਗਤਮਾਲਾ ਨੇ ਭਾਈ ਮਾਲੋ, ਮਾਂਗਾ ਤੇ ਕਾਲੂ ਜੀ ਗੁਰੂ ਸਾਹਿਬ ਦੇ ਹਜੂਰ ਗੁਰਬਾਣੀ ਸੰਥਿਆ ਦੇਣ ਵਾਲੇ ਅਤੇ ਉਤਾਰਾ ਕਰਨ ਵਾਲੇ ਲਿਖਾਰੀਆਂ ਵਿਚ ਹੋਣ ਦਾ ਇਸ਼ਾਰਾ ਕਰਦਾ ਹੈ। ਗੁਰੂ ਅੰਗਦ ਦੇਵ ਜੀ ਨੇ ਦੂਜੀ ਟਕਸਾਲ ਸ੍ਰੀ ਖਡੂਰ ਸਾਹਿਬ ਵਿਖੇ ਸਥਾਪਿਤ ਕੀਤੀ। ਗੁਰੂ ਅੰਗਦ ਦੇਵ ਜੀ ਨੇ ਜੋਤੀ-ਜੋਤ ਸਮਾਉਣ ਸਮੇਂ ਪਾਤਸ਼ਾਹ ਗੁਰੂ ਅਮਰਦਾਸ ਜੀ ਨੂੰ ਗੁਰਬਾਣੀ ਸੰਗ੍ਰਹਿ ਵੀ ਸੌਂਪ ਦਿਤਾ। ਗੁਰੂ ਅਮਰਦਾਸ ਜੀ ਦੇ ਸਮੇਂ ਤੀਜੀ ਟਕਸਾਲ ਸ੍ਰੀ ਗੋਇੰਦਵਾਲ ਸਾਹਿਬ ਬਣੀ। ਸ੍ਰੀ ਗੋਇੰਦਵਾਲ ਸਾਹਿਬ ਬਣੀ। ਸ੍ਰੀ ਗੋਇੰਦਵਾਲ ਟਕਸਾਲ ਵਿਚ ਗੁਰਬਾਣੀ ਸੰਥਿਆ, ਲਿਖਣ, ਸੰਭਾਲਣ ਅਤੇ ਉਤਾਰੇ ਕਰਨ ਦੀ ਸੇਵਾ ਕਰਨ ਵਾਲੇ ਅਨੇਕ ਗੁੰਮਨਾਮ ਨਾਵਾਂ ਵਿਚੋਂ ਕੁਝ ਵਿਦਵਾਨ ਭਾਈ ਸੰਸਰਾਮ, ਪਾਂਧਾ ਬੂਲਾ, ਬਾਬਾ ਬੁਢਾ ਜੀ। ਭਾਈ ਸੰਸਰਾਮ ਜੀ ਗੁਰੂ ਅਮਰਦਾਸ ਜੀ ਦਾ ਪੋਤਾ

(ਬਾਬਾ ਮੋਹਨ ਜੀ ਦਾ ਪੁਤਰ) ਸੀ, ਜਿਸ ਦੀ ਸੇਵਾ ਗੁਰਬਾਣੀ ਪੋਥੀਆ ਲਿਖਣਾ ਸੀ। ਚਉਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦੇ ਸਮੇਂ ਅੰਮ੍ਰਿਤਸਰ ਟਕਸਾਲ ਹੋਂਦ ਵਿਚ ਆਈ। ਗੁਰੂ ਜੀ ਆਪ ਬਾਣੀ ਅਧਿਐਨ, ਸੰਥਿਆਂ, ਲਿਖਣ ਆਦਿ ਦੀ ਸੇਵਾ ਕਰਿਆ ਕਰਦੇ ਸਨ। ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤਸਰ ਟਕਸਾਲ ਵਿਚ ਗੁਰਬਾਣੀ ਸੰਬੰਧੀ ਜੁਗੋ ਜੁਗ ਅਟਲ ਰਹਿਣ ਵਾਲਾ ਕਾਰਜ 'ਗੁਰਬਾਣੀ ਪ੍ਰਗਾਸ' ਦਾ ਕੀਤਾ। ਆਪ ਜੀ ਨੇ ਆਦਿ ਬੀੜ ਵਿਚ ਉਹ ਬਾਣੀ ਦਰਜ ਕੀਤੀ ਜਿਹੜੀ ਸਿਖ ਮੁਹਾਵਰੇ ਵਿਚ ਸੀ। ਗੁਰੂ ਅਰਜਨ ਦੇਵ ਜੀ ਨੇ ਪ੍ਰਾਪਤ ਹੋਏ ਗੁਰਬਾਣੀ ਸੰਗ੍ਰਹਿ ਨੂੰ ਜੋ ਪੋਥੀਆਂ, ਪਤਰਿਆਂ ਅਤੇ ਗੁਟਕਿਆਂ ਦੇ ਰੂਪ ਵਿਚ ਸੀ ਨੂੰ ਇਕ ਵਿਧੀਵਧ ਰੂਪ ਦਿਤਾ ਅਤੇ ਆਦਿ ਬੀੜ ਦੀ ਸੰਪਾਦਨਾ ਕੀਤੀ।

ਭਟ ਸਾਹਿਬਾਨ ਨੇ ਵੀ ਸਾਂਭ-ਸੰਭਾਲ ਵਿਚ ਆਪਣਾ ਯੋਗਦਾਨ ਪਾਇਆ ਸੀ। ਗੁਰਬਾਣੀ ਪੋਥੀਆ ਦੀ ਸਾਂਭ-ਸੰਭਾਂਲ ਕਰਨ ਵਾਲੇ ਅਤੇ ਲਿਖਾਰੀਆਂ ਨੂੰ 'ਗਿਆਨੀਆ ਦੀ ਟਕਸਾਲ' ਕਿਹਾ ਜਾਂਦਾ ਸੀ। ਇਸ ਟਕਸਾਲ ਨਾਲ ਜੁੜੇ ਹੋਏ ਸੈਂਕੜਿਆ ਦੀ ਗਿਣਤੀ ਵਿਚੋਂ ਇਤਹਾਸ ਦੀ ਸਿਮਰਤੀ ਵਿਚ ਬਚੇ ਕੁਝ ਅਜਿਹੇ ਨਾਂ ਜਿਨ੍ਹਾਂ ਨੇ ਗੁਰੂ ਸਾਹਿਬਾਨ ਦੀ ਦੇਖ-ਰੇਖ ਹੇਠ ਗੁਰਬਾਣੀ ਦੀ ਸੰਥਿਆ, ਸਾਂਭ-ਸੰਭਾਲ, ਉਤਾਰੇ ਅਤੇ ਪ੍ਰਚਾਰ-ਪਸਾਰ ਲਈ ਤਨ ਮਨ ਅਰਪਿਤ ਕੀਤੇ ਉਨ੍ਹਾਂ ਵਿਚੋਂ ਭਾਈ ਜਗਨਾ, ਹਰਬੰਸ, ਤਪਾ, ਬੂੜਾ ਸੰਧੂ, ਭਾਈ ਬਿਧੀ ਚੰਦ, ਗੁਰਦਿਤਾ ਜਟੇਟਾ, ਭਾਈ ਤੀਰਥ ਦਾਸ, ਭਾਈ ਰਾਮ ਰਾਇ, ਭਾਈ ਫਤਹਿ ਚੰਦ, ਭਾਈ ਹਰਿ ਦਾਸ, ਭਾਈ ਜਗਾ।

ਦਸਮ ਗੁਰੂ ਜੀ ਦੇ ਸਮੇਂ ਸ੍ਰੀ ਅਨੰਦਪੁਰ ਸਾਹਿਬ ਅਤੇ ਸ੍ਰੀ ਪਾਉਂਟਾ ਸਾਹਿਬ ਤੋਂ ਬਾਅਦ ਵਿਦਿਆ ਦੀ ਟਕਸਾਲ ਦਮਦਮਾ ਸਾਹਿਬ ਬਣਦੀ ਹੈ। ਗੁਰੂ ਜੀ ਨੇ ਸਾਬੋ ਕੀ ਤਲਵੰਡੀ ਵਿਖੇ ਨੌਂਵੇ ਪਾਤਸ਼ਾਹ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਆਦਿ ਬੀੜ ਵਿਚ, ਸ਼ਹੀਦ ਭਾਈ ਮਨੀ ਸਿੰਘ ਤੋਂ ਸ਼ਾਮਿਲ ਕਰਵਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸੰਪੂਰਨਤਾ ਬਖਸੀ। ਸਿਖ ਪਰੰਪਰਾ ਤੇ ਇਤਿਹਾਸ ਵਿਚ ਇਥੇ ਵਾਧਾ ਕੀਤੇ ਗ੍ਰੰਥ ਨੂੰ 'ਦਮਦਮੇ ਵਾਲੀ ਬੀੜ' ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ। ਦਮਦਮਾ ਸਾਹਿਬ ਵਿਖੇ ਗੁਰਬਾਣੀ ਵਿਦਿਆ ਦੀ ਯਾਦ ਵਿਚ ਗੁਰਦੁਆਰਾ ਲਿਖਣਸਾਰ ਸਾਹਿਬ ਕਾਇਮ ਹੈ।

ਦਸਮ ਪਾਤਸ਼ਾਹ ਤੋਂ ਬਾਅਦ ਲਗਪਗ ਇਕ ਸਦੀ ਤਕ ਪੰਜਾਬ ਇਕ ਅਤਿ ਪੀੜਾ ਦੇ ਦੌਰ ਵਿਚੋਂ ਗੁਜਰਿਆ। ਇਸ ਸਮੇਂ ਉਦਾਸੀ, ਨਿਰਮਲੇ, ਸੇਵਾ ਪੰਥੀ ਆਦਿ ਸੰਸਥਾਵਾਂ ਨੇ ਗੁਰਬਾਣੀ ਪੋਥੀਆ ਦੀ ਸਾਂਭ-ਸੰਭਾਲ ਵਿਚ ਅਹਿਮ ਯੋਗਦਾਨ ਪਾਇਆ।। ਨਿਰਮਲ ਸੰਪ੍ਰਦਾਇ ਦੁਆਰਾ ਗੁਰਮੁਖੀ ਦੀ ਸਿਖਾਲਾਈ, ਗੁਰਬਾਣੀ ਸੰਥਿਆ, ਗੁਰਬਾਣੀ ਦੇ ਉਤਾਰੇ ਨਿਰੰਤਰ ਚਲਦੇ ਰਹੇ। ਗੁਰਬਾਣੀ ਸੰਥਿਆਕਾਰਾਂ, ਅਧਿਐਨਕਾਰਾਂ, ਲਿਖਾਰੀਆਂ ਆਦਿ ਵਿਚ ਹਰੇਕ ਜਾਤੀ ਦੇ ਲੋਕ ਸਨ ਪਰ ਬਹੁਤੀ ਸੇਵਾ ਨੀਂਵੇ ਕਹੇ ਜਾਂਦੇ ਲੋਕਾਂ ਨੇ ਕੀਤੀ।

ਇਸ ਸਮੇਂ ਵਿਦਿਆ ਦੇ ਸਕੂਲ ਸਾਧੂਆਂ ਦੇ ਡੇਰੇ ਹੀ ਸਨ। 18 ਵੀਂ ਸਦੀ ਦੇ ਮੁਢ ਤੋਂ ਲੈ ਕੇ ਗੁਰਬਾਣੀ ਦੇ ਛਾਪੇਖਾਨੇ ਦੀ ਪ੍ਰਕਾਸ਼ਨਾ ਦੇ ਦੌਰ ਤਕ ਗੁਰਬਾਣੀ ਅਧਿਐਨ, ਸੰਥਿਆ, ਸਾਂਭ-ਸੰਭਾਲ, ਗੁਰਬਾਣੀ ਹਥ ਨਾਲ ਲਿਖ ਕੇ ਵੰਡਣ ਆਦਿ ਦੀ ਸੇਵਾ ਕਰਨ ਵਾਲੇ ਗੁਰੂ ਪਿਆਰਿਆ ਵਿਚੋਂ ਕੁਝ ਦੇ ਨਾਂਵ ਇਸ ਪ੍ਰਕਾਰ ਹਨ-

ਭਾਈ ਸ਼ਾਮ ਸਿੰਘ ਪਿੰਡ ਘੀਲ ਕਲਾਂ, ਤਹਿਸੀਲ ਤੇ ਜਿਲਾ ਅਟਕ ਵਿਚ ਪੈਦਾ ਹੋਏ। ਆਪ ਜੀ ਦੇ ਨਿਜੀ ਪੁਸਤਕਾਲੇ (ਜਿਹਲਮ) ਵਿਚ ਸੈਂਕੜੇ ਹਥ-ਲਿਖਤਾਂ ਸਨ ਜੋ 1947 ਵੇਲੇ ਰੁਲ ਗਈਆ। ਇਹ ਆਪ ਗੁਰਬਾਣੀ ਦੇ ਗੁਟਕੇ ਲਿਖਦੇ ਤੇ ਸੰਪੂਰਨ ਗੁਰੂ ਗ੍ਰੰਥ ਸਾਹਿਬ ਦੇ ਹਥ-ਲਿਖਤ ਉਤਾਰੇ ਵੰਡਦੇ ਸਨ। ਕਈ ਵੇਰਵਿਆ ਸਮੇਤ ਉਤਾਰਿਆ ਦੀ ਸੇਵਾ ਕਰਨ ਵਾਲੇ ਲਿਖਾਰੀਆਂ ਦੇ ਨਾਂ ਪਤੇ ਵੀ ਹਮੇਸ਼ਾਂ ਲਈ ਖਤਮ ਹੋ ਗਏ। ਤਕਰੀਬਨ ਦੋ ਸਦੀਆਂ ਗੁਰਬਾਣੀ ਸੰਥਿਆਂ ਅਤੇ ਲਿਖਤਾਂ ਦੇ ਕੇਂਦਰ ਰਹੇ ਦਮਦਮਾ ਸਾਹਿਬ (ਸਾਬੋ ਕੀ ਤਲਵੰਡੀ) ਦੇ 'ਬੁੰਗਾ ਲਿਖਾਰੀਆਂ' ਬਾਰੇ ਪ੍ਰਸਿਧ ਹੈ ਕਿ ਲਿਖਾਰੀਆ ਦੁਆਰਾ ਗੁਰਬਾਣੀ ਸਰੂਪਾਂ ਦੇ ਅੰਤ ਵਿਚ ਵਾਧੂ ਸੂਚਨਾਵਾਂ ਦੀ ਭਰਮਾਰ ਨੂੰ ਰੋਕਣ ਲਈ ਇਹ ਹਦਾਇਤ ਕਰਨੀ ਪਈ ਕਿ ਮੂਲ ਬਾਣੀ ਬਿਨਾਂ ਹੋਰ ਕੁਝ ਵੀ ਲਿਖਣ/ਸ਼ਾਮਿਲ ਕਰਨ ਵਾਲੇ ਨੂੰ ਤਨਖਾਹੀਆਂ ਕਰਾਰ ਦਿਤਾ ਜਾਵੇਗਾ। ਤਨਖਾਹ ਦੇ ਡਰ ਤੋਂ ਲਿਖਾਰੀਆਂ ਨੇ ਆਪਣੇ ਪਤੇ, ਨਾਂ, ਸੰਨ-ਸੰਮਤ ਆਦਿ ਛਡ ਦਿਤੇ। ਇਸ ਪ੍ਰਕਾਰ ਦੀਆ ਪ੍ਰਸਥਿਤੀਆਂ ਤੋਂ ਇਲਾਵਾ ਪੁਰਾਣੀਆਂ ਲਿਖਤਾਂ ਵਿਚ ਵੀ ਪੂਰੇ ਵੇਰਵੇ ਦੇਣ ਦਾ ਰਿਵਾਜ ਨਹੀਂ ਸੀ। ਸਿਰਫ ਸੰਪਰਦਾਇ, ਪਰੰਪਰਾ ਜਾਂ ਪਿੰਡ ਆਦਿ ਦੀ ਸੂਚਨਾ ਹੀ ਦਿਤੀ ਜਾਂਦੀ ਸੀ। ਸਮੇਂ ਨਾਲ ਕਈ ਥਾਵਾਂ ਦੇ ਨਾਂ-ਥਾਂ ਬਦਲ ਗਏ। ਇਨ੍ਹਾਂ ਤੋਂ ਬਿਨਾਂ ਇਕ ਤੋਂ ਵਧੇਰੇ ਨਾਵਾਂ ਦਾ ਸਮਾਨ ਹੋਣਾ, ਇਕ ਤੋਂ ਵਧੇਰੇ ਨਾਂ ਹੋਣ ਦੀ ਸੂਰਤ ਵਿਚ ਮੁਖ ਨਾਂ ਲਭਣਾ ਆਦਿ ਵੀ ਸਮਸਿਆਵਾਂ ਹਨ। ਸਭ ਤੋਂ ਵਡੀ ਸਮਸਿਆ ਧਾਰਮਿਕ ਅਕਾਦਮਿਕ ਸੰਸਥਾਵਾਂ, ਗੁਰੂ ਘਰਾਂ, ਸਾਡੇ ਆਪਣੇ ਪਰਿਵਾਰਾਂ ਆਦਿ ਵਿਚ ਇਸ ਕਿਸਮ ਦੀ ਖੋਜ/ਸੰਭਾਲ ਕਰਨ ਦੀ ਪਰੰਪਰਾ ਖਤਮ ਹੋ ਰਹੀ ਹੈ। ਗੁਰਮੁਖੀ ਪੋਥੀਆਂ ਦੇ ਰਚਨਾ ਕਾਰ ਅਕਸਰ ਗੁੰਮਸ਼ੁਦਾ ਸੇਵਾਦਾਰ ਹਨ ਜੋ ਧਾਰਮਿਕ ਭੈ ਭਾਵਨਾ ਵਿਚ ਕਾਰਜ ਕਰਦੇ ਰਹੇ। ਉਹ ਆਪਣਾ ਨਾ ਜਤਾ ਕੇ ਖੁਸ਼ ਨਹੀਂ ਸਨ। ਗੁਰਬਾਣੀ ਦੇ ਹਵਾਲੇ ਵਿਚ ਉਨ੍ਹਾਂ ਦੀ ਹੈਸਿਅਤ ਰਚਨਾ ਕਾਰ ਨਾਲੋ ਉਤਾਰਾਕਾਰ ਦੀ ਹੈ। ਜਿਸ ਸਮੇਂ ਦੀ ਇਹ ਪੋਥੀ ਦਾ ਉਤਾਰਾਕਾਲ ਬਣਦਾ ਹੈ ਉਸ ਸਮੇਂ ਗੁਰਮੁਖੀ ਦੀਆਂ ਕੁਝ ਟਕਸਾਲਾ ਸਨ ਸੰਭਵ ਹੈ ਕਿ ਇਸ ਪੋਥੀ ਦੇ ਉਤਾਰਾਕਾਰ ਵੀ ਇਨ੍ਹਾਂ ਟਕਸਾਲਾਂ ਨਾਲ ਸੰਬੰਧਿਤ ਸਨ।

## ਰਚਨਾਕਾਲ

ਪੋਥੀ ਦਾ ਰਚਨਾਕਾਲ ਇਸ ਵਿਚ ਆਈ ਹੇਠ ਲਿਖੀ ਵਾਰਤਾ ਤੋਂ ਅਨੁਮਾਨਿਤ ਸਕਦੇ ਹਾਂ:-

੧ਓਂ ਸਤਿਗੁਰ ਪ੍ਰਸਾਦਿ।। ਸਾਖੀ ਗੁਰੂ ਬਾਬੇ ਦੀ ਚਲੀ।। ਗੁਰੂ ਕਾ ਉਪਦੇਸ।। ਗੁਰੁ ਬੋਲਿਆ।। ਜਿ ਪੰਜਿ ਕੰਮੁ ਕਰੈ।। ਪੰਜਿ ਕੰਮ ਕਰੇ।। ਸੁ ਜੀਵਨ ਮੁਕਤੁ।। ਪੰਜਿ ਕੰਮ ਨ ਕਰੇ ਜੇ ਗੁਰ ਰਖੈ।।੧।। ਪਰਦਰਬੁ ਨਹਿ ਰੈ।।੨।। ਪਰਇਸਤਰੀ ਨ ਰਵੈ।। ਪਰਾਈ ਨਿਦਾਨ ਕਰੇ।।੩।। ਜੁਐ ਨ ਖੇਲੇ।।੪।। ਮਦੁ ਮਾਸੁ ਨ ਖਾਇ।। ਆਗਿਆ ਭੰਗੁ ਨ ਕਰੈ।।੫।। ਪੰਜ ਕੰਮ ਕਰੈ ਜੇ ਗੁਰ ਕਰਾਏ।। ਸੰਗਤੀ ਨਿਤ ਜਾਇ।। ਕਿਛੁ ਮੁਹਿ ਪਾਵਣੈ ਨਈ ਜਾਇ ਆਰਤੀ ਕੀਰਤਣੁ ਸਣਿ ਸਵੈ।। ਅਰਥੀਏ ਦੁਖੀਏ ਨਿਮਾਣੇ ਨੋ ਮਾਣੁ ਦੇਇ।। ਪਰ ਉਪਕਾਰੁ ਕਰੈ ਕਰਾਵੈ।। ਲੋਚੈ ਜਿਸਨੋ ਕੁੜਮਾਈ ਨ ਹੋਵੈ ਤਿਸਨੋ ਪੁਨਿਅਰਥਿ ਕਨਿਆਦਾਨ ਨ ਦੇਇ।। ਇਕੈ ਲੋਚਿ ਕੈ ਦਿਵਾਵੈ।। ਮਨਮੁਖ ਭੇਜੇ ਸਿਖੁ ਹੋਵੈ ਤਿਉ ਲੋਚਿ ਕਰਿ ਸਿਖੁ

ਕਰੇ॥ ਜੀਅ ਦਾਨੁ ਏਹੋ ਹੈ॥ ਸਭਨਾ ਜੀਆ ਪਾਤਲਾ ਮਨਾਵੈ॥ ਕੋਈ ਦੁਖੈ ਨਾਹੀ॥ ਆਤਮਾ ਬ੍ਰਮੁਮ ਛਾਨਣੁੰ ਡੰਡੀ ਪੁਜਾਏ ਹਾਂ ਹੈ॥ਪ॥੧॥[3]

ਇਹ ਵਾਰਤਾ ਵਿਦਵਾਨਾਂ ਅਨੁਸਾਰ ਬਣਿਗਾਮ (ਜਿਲਾ ਚਾਟਗਾਮ) ਵਾਲੇ ਗ੍ਰੰਥ, ਪੋਥੀ ਬੀਬੀ ਰੂਪ ਕੌਰ, ਗੁਰਸਿਖ ਲਈ ਰਹਤਨਾਮਿਆਂ ਵਿਚ ਅੰਕਿਤ ਮਰਯਾਦਾ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਮੁਹੈਂ ਦੀਆਂ ਸਾਖੀਆਂ ਵਿਚ ਸਾਖੀ ਨੰਬਰ 10 ਅਤੇ ਪੋਥੀ ਬਾਹੋਵਾਲ ਵਾਲੀ ਵਿਚ ਥੋੜੇ-ਥੋੜੇ ਫਰਕ ਨਾਲ ਦਰਜ ਹੈ। ਵਿਦਵਾਨਾਂ ਨੇ ਇਸ ਪੋਥੀ ਦੇ ਰਚਨਾ ਕਾਲ ਸੰਬੰਧੀ ਰਾਇ ਦਿੰਦੇ ਹੋਏ ਇਸਨੂੰ 17 ਵੀਂ ਸਦੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਦੀ ਮੰਨਿਆ ਹੈ।

ਮਹਾਂ ਸਿੰਘ ਇਸ ਪੋਥੀ ਨੂੰ ਪੰਜਵੇਂ ਪਾਤਸ਼ਾਹ ਦੀ ਮੰਨਦੇ ਹਨ ਪਰ ਉਨ੍ਹਾਂ ਇਸ ਪੋਥੀ ਦਾ ਸੰਮਤ ਕੋਈ ਨਹੀਂ ਦਿਤਾ। ਉਨ੍ਹਾਂ ਅਨੁਸਾਰ ਵਾਰਾਂ ਦੀ ਤਰਤੀਬ ਵਿਚ ਵਾਰਾਂ ਦੀਆ ਪਾਉੜੀਆ ਨਾਲ ਸਲੋਕਾਂ ਦੀ ਗੋਂਦ ਪੰਚਮ ਪਾਤਸ਼ਾਹ ਨੇ ਕੀਤੀ ਸੀ। ਇਸ ਪੋਥੀ ਵਿਚ ਵੀ ਜਿੰਨੀਆਂ ਕੁ ਵਾਰਾਂ ਆਈਆ ਹਨ ਉਨ੍ਹਾਂ ਵਿਚ ਸਲੋਕਾਂ ਦੀ ਗੋਂਦ ਮੌਜੂਦ ਹੈ।[4] ਜਿਸ ਤੋਂ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਇਹ ਪੋਥੀ ਗੁਰੂ ਸਾਹਿਬ ਦੇ ਕਾਲ ਦੀ ਹੈ।

ਪਿਆਰ ਸਿੰਘ ਅਨੁਸਾਰ ਇਸ ਪੋਥੀ ਦੀਆ ਕੁਝ ਲਿਖਤਾਂ ਉਂਨ੍ਹਾਂ ਦੇ ਅਖਰ ਤੇ ਲਗ-ਮਾਤ੍ਰਾ ਦੀ ਬਨਵਾਟ ਇਸ ਪੋਥੀ ਦੇ ਲਿਖਣ ਦਾ ਸਮਾਂ 17ਵੀਂ ਸਦੀ ਬਿਕ੍ਰਮੀ ਅਥਵਾ ਗੁਰੂ ਅਰਜਨ ਦੇਵ ਜੀ ਤੋਂ ਗੁਰੂ ਗੋਬਿੰਦ ਸਿੰਘ ਤਕ ਲੈ ਜਾਂਦੀਆ ਹਨ।[5]

ਡਾ. ਰਤਨ ਸਿੰਘ ਜੱਗੀ ਅਨੁਸਾਰ ਇਹ ਪੋਥੀ ਕਈ ਹਥਾਂ ਦੀ ਲਿਖੀ ਹੋਈ ਹੈ। ਇਸ ਵਿਚ ਲਿਖਾਈ/ਸਾਮਗ੍ਰੀ ਕੁਝ ਲਿਖਤਾਂ 17 ਵੀਂ ਸਦੀ ਵਿਚ ਵਿਕਸਿਤ ਹੋਈ ਗੁਰਮੁਖੀ ਦੀ ਲਿਖਾਵਟ ਦੀਆਂ ਹਨ।[6] ਪਸੌਰਾ ਸਿੰਘ ਅਨੁਸਾਰ ਇਸ ਪੋਥੀ ਦਾ ਲਿਖਤ ਕਾਲ 1600 ਸੀ.ਈ. ਹੈ।

Thw Bahoval Pothi is a Scriptural manuscript dated c. 1600 CE, which precedes the Kartarpur manuscript.[7]

ਨਰਿੰਦਰ ਕੌਰ ਭਾਟੀਆ ਅਨੁਸਾਰ ਇਹ ਵਾਰਤਾ ਬਣਿਗਾਮ ਵਾਲੀ ਬੀੜ ਵਿਚ ਵੀ ਆਈ ਹੈ।[8] ਜਿਸਦਾ ਰਚਨਾ ਕਾਲ ਜੀ.ਬੀ. ਸਿੰਘ 1742/1684 ਈ. ਤੋਂ ਪਹਿਲਾ ਦਾ ਮੰਨਦਾ ਹੈ। ਇਸ ਸਾਖੀ ਦਾ ਸਿਰਲੇਖ 'ਗ੍ਰੰਥ ਭਾਈ ਪੈਂਦਾ' ਵਿਚ 'ਮਹਲਾ ਪ' ਅਧੀਨ ਆਇਆ ਹੈ ਅਤੇ ਇਸ ਵਿਚ ਵਿਧੀ ਨਿਛੇਧ(ਮਨੁੱਖ ਇਹ ਕਰੇ, ਇਹ ਨ ਕਰੇ) ਵਾਲੇ ਪ੍ਰਵਚਨ ਹਨ। ਅਸੀਂ ਇਸ ਨੂੰ ਬਿਨਾਂ ਕਿਸੇ ਝਿੜਕ ਦੇ ਪੁਰਾਤਨਤਾ ਦਾ ਲੇਬਲ ਦੇ ਸਕਦੇ ਹਾਂ। ਇਹ ਸੰਭਵ ਹੇ ਕਿ ਇਹ

---

[3] *ਬਾਹੋਵਾਲ ਵਾਲੀ ਪੋਥੀ ਸਾਹਿਬ*, ਪੋਥੀ -੪, ਅਣਪ੍ਰਕਾਸ਼ਿਤ ਪੰਨਾ. 442

[4] ਗਿਆਨੀ ਮਹਾਂ ਸਿੰਘ, *ਬਾਹੋਵਾਲ ਵਾਲੀ ਪੋਥੀ ਸਾਹਿਬ: ਪਵਿਤਰ ਆਦਿ ਬੀੜ ਤੇ ਸਮਕਾਲੀਨ ਇਕ ਪੁਰਾਤਨ ਪੋਥੀ ਸਾਹਿਬ*, ਖੇੜਾ, ਮਾਰਚ 1980 ਪੰਨਾ.15

[5] ਪਿਆਰ ਸਿੰਘ, *ਗਾਥਾ ਸ੍ਰੀ ਆਦਿ ਗ੍ਰੰਥ*, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ,1992 ਪੰਨਾ. 121

[6] *ਗੁਰੂ ਗ੍ਰੰਥ ਸਾਹਿਬ ਵਿਸ਼ਵਕੋਸ਼*, ਭਾਗ-ਦੂਜਾ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ ਪਟਿਆਲਾ, 2002 ਪੰਨਾ. 270

[7] Pashaura Singh, *Life and work of Guru Arjan*, Oxford university, New Delhi, 2006 p.42

[8] ਨਰਿੰਦਰ ਕੌਰ ਭਾਟੀਆ, *ਸ੍ਰੀ ਸਤਿਗੁਰੂ ਜੀ ਦੇ ਮੁਹੈਂ ਦੀਆਂ ਸਾਖੀਆਂ*, ਲਾਹੌਰ ਬੁਕ ਸ਼ਾਪ, ਲੁਧਿਆਣਾ, 1978 ਪੰਨਾ. 12-13,27

ਵਾਰਤਾ ਗੁਰੂ ਅਰਜਨ ਦੇਵ ਜੀ ਦੇ ਮੁਖਾਰਬਿੰਦ ਤੋਂ ਹੋਵੇ। ਜੀ.ਬੀ. ਸਿੰਘ ਵੀ ਪੁਰਾਤਨ 'ਬੀੜ ਸੰਗਤ ਬਇਗ੍ਰਾਮ' ਦੀ ਆਮ ਹਾਲਤ,ਅਖਰਾਂ ਦੀ ਸ਼ਕਲ, ਬਾਣੀ ਦੀ ਤਰਤੀਬ ਨੂੰ ਮੁਖ ਰਖ ਕੇ ਇਸ ਸੰਮਤ 1742 ਦੇ ਲਗਪਗ ਦਾ ਮੰਨਦੇ ਹਨ।[9]

ਉਪਰੋਕਤ ਵਿਦਵਾਨਾਂ ਦੁਆਰਾ ਦਿਤੇ ਹੋਏ ਵਿਚਾਰਾ ਅਨੁਸਾਰ ਅਸੀਂ ਇਸ ਪੋਥੀ ਦਾ ਰਚਨਾ ਕਾਲ ਗੁਰੂ ਅਰਜਨ ਦੇਵ ਜੀ ਦੇ ਸਮੇਂ ਦਾ ਮੰਨ ਸਕਦੇ ਹਾਂ ਅਤੇ ਇਸ ਪੋਥੀ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤਕ ਵਾਧੇ ਹੁੰਦੇ ਗਏ ਦਾ ਅੰਦਾਜਾ ਲਗਾ ਸਕਦੇ ਹਾਂ।

- ਖੋਜਾਰਥਣ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਮੋਬਾ. 9872356689, ਈ.ਮੇਲ. kaursandeep.947@gmail.com

[9] ਜੀ.ਬੀ. ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਪ੍ਰਾਚੀਨ ਬੀੜਾਂ,* ਮਾਡਰਨ ਪਬਲੀਕੇਸ਼ਨ, ਲਾਹੌਰ 1944 ਪੰਨਾ.283